# ਕੋਵਿਡ-19
# ਭਾਈਚਾਰਕ ਸਹਾਇਤਾ ਵਰਕਸ਼ਾਪਾਂ

The MacKillop Institute

## ਮੈਕਕਿਲੋਪ ਪਰਿਵਾਰਕ ਸੇਵਾਵਾਂ (MacKillop Family Services) ਅਤੇ ਮੈਕਕਿਲੋਪ ਇੰਸਟੀਚਿਊਟ (The MacKillop Institute) ਕੋਵਿਡ-19 ਮਹਾਂਮਾਰੀ ਦੇ ਚੱਲ ਰਹੇ ਪ੍ਰਭਾਵਾਂ ਵਿੱਚ ਭਾਈਚਾਰੇ ਦੀ ਸਹਾਇਤਾ ਕਰਨ ਲਈ ਹਿਊਮ ਸਿਟੀ ਕੌਂਸਲ (Hume City Council) ਨਾਲ ਭਾਈਵਾਲੀ ਕਰ ਰਹੇ ਹਨ।

ਅੰਕੜੇ ਦਰਸਾਉਂਦੇ ਹਨ ਕਿ ਕੋਵਿਡ-19 ਕਰਕੇ ਵਿਕਟੋਰੀਅਨ ਸਕੂਲ ਬੰਦ ਹੋਣ ਦੇ ਦੌਰਾਨ, ਅਸੀਂ ਪੜ੍ਹਾਈ ਵਿੱਚ ਕਮੀ, ਬੱਚਿਆਂ ਦੇ ਤਣਾਅ, ਇਕੱਲੇਪਨ ਵਿੱਚ ਵਾਧਾ ਅਤੇ ਮਾਨਸਿਕ ਸਿਹਤ ਵਿੱਚ ਗਿਰਾਵਟ ਦੇ ਨਾਲ ਚਿੰਤਾ ਅਤੇ ਡਿਪ੍ਰੈਸ਼ਨ ਨੂੰ ਦੇਖਿਆ ਹੈ।

ਮੈਕਕਿਲੋਪ ਵਰਤਮਾਨ ਵਿੱਚ ਸਕੂਲ ਦੇ ਲੀਡਰਾਂ ਅਤੇ ਅਧਿਆਪਕਾਂ ਨੂੰ ਪੇਸ਼ੇਵਰ ਵਿਕਾਸ ਪ੍ਰਦਾਨ ਕਰਦੇ ਹੋਏ ਸਕੂਲਾਂ ਵਿੱਚ ਕੰਮ ਕਰ ਰਿਹਾ ਹੈ ਤਾਂ ਜੋ ਬਚਪਨ ਦੇ ਮਾੜੇ ਅਨੁਭਵਾਂ ਦੇ ਪ੍ਰਭਾਵਾਂ ਨੂੰ ਬਿਹਤਰ ਢੰਗ ਨਾਲ ਸਮਝਿਆ ਜਾ ਸਕੇ ਅਤੇ ਸੰਭਾਵੀ ਸਥਾਈ ਪ੍ਰਭਾਵਾਂ ਦੇ ਬਾਲਗਪੁਣੇ ਵਿੱਚ ਜਾਣ ਦੀ ਸੰਭਾਵਨਾ ਦੇ ਵਿਰੁੱਧ ਇੱਕ ਬਫਰ ਬਣਾਇਆ ਜਾ ਸਕੇ।

ਅਸੀਂ ਪਛਾਣਿਆ ਹੈ ਕਿ ਸਕੂਲ ਅਤੇ ਮਾਪਿਆਂ ਦੀ ਸ਼ਮੂਲੀਅਤ ਵਿਚਲੇ ਅੰਤਰ ਨੂੰ ਦੂਰ ਕਰਨ ਲਈ ਮਾਪਿਆਂ ਦੇ ਭਾਈਚਾਰੇ ਲਈ ਕਈ ਵਰਕਸ਼ਾਪਾਂ ਲਗਾਉਣ ਦੀ ਲੋੜ ਹੈ। Hume ਸ਼ਹਿਰ ਦੇ ਅੰਦਰ ਮਹੱਤਵਪੂਰਨ ਸਭਿਆਚਾਰਕ ਵਿਵਿਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਵਿਧ ਪਿਛੋਕੜਾਂ ਵਾਲੇ ਭਾਈਚਾਰਿਆਂ 'ਤੇ ਧਿਆਨ ਕੇਂਦ੍ਰਿਤ ਕਰਾਂਗੇ।

ਵਰਕਸ਼ਾਪਾਂ 1.5 ਘੰਟੇ ਦੀਆਂ ਹਨ ਅਤੇ ਇਹਨਾਂ ਗੱਲਾਂ 'ਤੇ ਧਿਆਨ ਕੇਂਦ੍ਰਿਤ ਕਰਨਗੀਆਂ:

- ਜ਼ਹਿਰੀਲੇ ਤਣਾਅ ਅਤੇ ਮੁਸ਼ਕਲ ਸਮੇਂ ਦਾ ਅਸਰ
- ਬੱਚਿਆਂ ਲਈ ਗੁੰਝਲਦਾਰ ਸਦਮੇ ਦਾ ਪ੍ਰਗਟਾਵਾ ਅਤੇ ਪੜ੍ਹਾਈ ਅਤੇ ਤੰਦਰੁਸਤੀ 'ਤੇ ਇਸਦੇ ਅਸਰ
- ਲੰਮੇ ਸਮੇਂ ਦੇ ਅਸਰਾਂ ਨੂੰ ਘਟਾਉਣ ਲਈ ਮਾਪਿਆਂ ਨੂੰ ਰਣਨੀਤੀਆਂ ਮੁਹੱਈਆ ਕਰਨਾ

**ਆਹਮੋ-ਸਾਹਮਣੇ ਦੇ ਸੈਸ਼ਨ** (COVID-19 ਪਾਬੰਦੀਆਂ 'ਤੇ ਨਿਰਭਰ ਕਰਦੇ ਹੋਏ) ਬ੍ਰੌਡਮੀਡੋਜ਼ ਪਰਿਵਾਰਕ ਸੰਬੰਧ ਕੇਂਦਰ (Broadmeadows Family Relationship Centre) ਵਿਖੇ ਜੋ ਕਿ Level 1, Building 1/1100 Pascoe Vale Road, Broadmeadows ਵਿਖੇ ਸਥਿਤ ਹੈ।

- ਵੀਰ 11 ਨਵੰਬਰ ਦੁਪਹਿਰ 12:30 ਤੋਂ 2 ਵਜੇ ਤਕ AEST
- ਸੋਮ 22 ਨਵੰਬਰ ਸਵੇਰੇ 11 ਤੋਂ ਦੁਪਹਿਰ 12:30 ਵਜੇ ਤਕ AEST
- ਮੰਗਲ 23 ਨਵੰਬਰ ਦੁਪਹਿਰ 12:30 ਤੋਂ 2 ਵਜੇ ਤਕ AEST
- ਵੀਰ 2 ਦਸੰਬਰ ਦੁਪਹਿਰ 12:30 ਤੋਂ 2 ਵਜੇ ਤਕ AEST
- ਵੀਰ 9 ਦਸੰਬਰ ਦੁਪਹਿਰ 12:30 ਤੋਂ 2 ਵਜੇ ਤਕ AEST



**ਜ਼ੂਮ ਰਾਹੀਂ ਆਨਲਾਈਨ ਸੈਸ਼ਨ।** ਰਜਿਸਟਰ ਕਰਨ ਵਾਲੇ ਮਾਪਿਆਂ ਨੂੰ ਇੱਕ ਜ਼ੂਮ ਲਿੰਕ ਈਮੇਲ ਕੀਤਾ ਜਾਵੇਗਾ।

- ਮੰਗਲ 12 ਅਕਤੂਬਰ ਦੁਪਹਿਰ 12:30 ਤੋਂ 2 ਵਜੇ ਤਕ AEST
- ਵੀਰ 14 ਅਕਤੂਬਰ ਸ਼ਾਮ 7 ਤੋਂ 8:30 ਵਜੇ ਤਕ AEST
- ਮੰਗਲ 26 ਅਕਤੂਬਰ ਦੁਪਹਿਰ 12:30 ਤੋਂ 2 ਵਜੇ ਤਕ AEST
- ਬੁੱਧ 27 ਅਕਤੂਬਰ ਸ਼ਾਮ 7 ਤੋਂ 8:30 ਵਜੇ ਤਕ AEST
- ਵੀਰ 28 ਅਕਤੂਬਰ ਦੁਪਹਿਰ 12:30 ਤੋਂ 2 ਵਜੇ ਤਕ AEST

**ਇੱਥੇ ਰਜਿਸਟਰ ਕਰੋ**

ਜਾਂ mackillopinstitute.org.au/relate 'ਤੇ ਜਾਓ